# ਸੁਧਾਰਿਆ ਬਨਸਪਤੀ ਪ੍ਰਬੰਧਨ (ENHANCED VEGETATION MANAGEMENT)

ਜੰਗਲੀ ਅੱਗਾਂ ਦੇ ਵਧ ਰਹੇ ਖਤਰੇ ਦਾ ਸਾਹਮਣਾ ਕਰਨ ਲਈ, PG&E ਹਰ ਰੋਜ਼ ਸਾਡੀ ਬਿਜਲੀ ਪ੍ਰਣਾਲੀ ਦੀ ਸੁਰੱਖਿਆ ਵਿੱਚ ਸੁਧਾਰ ਕਰਨ ਅਤੇ ਜੰਗਲੀ ਅੱਗ ਦੇ ਜੋਖਮਾਂ ਨੂੰ ਘਟਾਉਣ ਲਈ ਕੰਮ ਕਰ ਰਹੀ ਹੈ।

ਜੰਗਲੀ ਅੱਗਾਂ ਦੀ ਸੰਭਾਵਨਾ ਘੱਟ ਕਰਨ ਲਈ PG&E ਦੀ ਯੋਜਨਾ ਵਿੱਚ, ਸਾਡੇ ਸਮੁੱਚੇ ਸੇਵਾ ਖੇਤਰ ਵਿੱਚ ਪ੍ਰਾਂਤ ਦੇ ਬਨਸਪਤੀ ਅਤੇ ਸੁਰੱਖਿਆ ਮਿਆਰਾਂ ਦੀ ਪੂਰਤੀ ਕਰਨਾ ਅਤੇ ਇਹਨਾਂ ਤੋਂ ਵੀ ਅੱਗੇ ਜਾਣਾ ਸ਼ਾਮਲ ਹੈ।

ਕੈਲੀਫੋਰਨੀਆ ਪ੍ਰਾਂਤ ਸਾਡੇ ਕੋਲੋਂ ਲੋੜਦਾ ਹੈ ਕਿ ਅਸੀਂ ਉਹਨਾਂ ਖੇਤਰਾਂ ਵਿੱਚ ਸਾਡੀਆਂ ਵਿਤਰਣ ਲਾਈਨਾਂ ਦੇ ਆਸ-ਪਾਸ ਉਚਿਤ ਖਾਲੀ ਜਗ੍ਹਾ ਬਰਕਰਾਰ ਰੱਖੀਏ ਜਿਨ੍ਹਾਂ ਖੇਤਰਾਂ ਨੂੰ ਪ੍ਰਾਂਤ ਵੱਲੋਂ ਜੰਗਲੀ ਅੱਗਾਂ ਦੇ ਵਧੇ ਹੋਏ ਜਾਂ ਪ੍ਰਚੰਡ ਜੋਖ਼ਮ ਵਾਲੇ ਖੇਤਰਾਂ ਵਜੋਂ ਮਨੋਨੀਤ ਕੀਤਾ ਗਿਆ ਹੈ।

ਇਸਦੇ ਜਵਾਬ ਵਜੋਂ, ਅਸੀਂ ਬਨਸਪਤੀ ਸੁਰੱਖਿਆ ਕਾਰਜ ਦਾ ਵਿਸਤਾਰ ਕੀਤਾ ਹੈ ਅਤੇ ਇਸਨੂੰ ਸੁਧਾਰਿਆ ਹੈ, ਤਾਂ ਜੋ ਅਜਿਹੀ ਬਨਸਪਤੀ ਨਾਲ ਨਿਪਟਿਆ ਜਾ ਸਕੇ ਜੋ ਅੱਗ ਲੱਗਣ ਦੇ ਉੱਚ ਜੋਖ਼ਮ ਵਾਲੇ ਖੇਤਰਾਂ ਵਿੱਚ ਜੰਗਲੀ ਅੱਗ ਦੀ ਵਧੇਰੇ ਸੰਭਾਵਨਾ ਨੂੰ ਜਨਮ ਦਿੰਦੀ ਹੈ।

ਸਾਡਾ ਸੁਧਾਰਿਆ ਹੋਇਆ ਬਨਸਪਤੀ ਪ੍ਰਬੰਧਨ ਕਾਰਜ ਬਿਜਲੀ ਦੀਆਂ ਤਾਰਾਂ ਦੇ ਆਸ-ਪਾਸ ਘੱਟੋ-ਘੱਟ ਖਾਲੀ ਜਗ੍ਹਾਵਾਂ ਵਾਸਤੇ ਪ੍ਰਾਂਤ ਦੇ ਮਿਆਰਾਂ ਤੋਂ ਅੱਗੇ ਜਾਂਦਾ ਹੈ, ਜਿਸ ਵਿੱਚ ਬਿਜਲੀ ਦੀਆਂ ਤਾਰਾਂ ਦੇ ਉੱਪਰ ਲਟਕਦੇ ਭਾਗਾਂ ਅਤੇ ਟਹਿਣੀਆਂ ਨੂੰ ਕੱਟਣਾ ਵੀ ਸ਼ਾਮਲ ਹੈ, ਇਸ ਕਾਰਜ ਵਿੱਚ ਬਕਾਇਦਾ ਗਸ਼ਤਾਂ ਤੋਂ ਇਲਾਵਾ ਵਾਧੂ ਜਾਂਚਾਂ ਵੀ ਕੀਤੀਆਂ ਜਾਂਦੀਆਂ ਹਨ ਤਾਂ ਜੋ ਖਤਰਨਾਕ ਬਨਸਪਤੀ ਨੂੰ ਹਟਾਇਆ ਜਾ ਸਕੇ, ਜਿਵੇਂ ਕਿ ਸੁੱਕੇ, ਮਰ ਚੁੱਕੇ, ਮਰ ਰਹੇ ਜਾਂ ਨੁਕਸਦਾਰ ਰੁੱਖ ਜੋ ਬਿਜਲੀ ਦੀਆਂ ਤਾਰਾਂ ਜਾਂ ਸਾਜ਼ੋ-ਸਮਾਨ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਇਸ ਕੰਮ ਨੂੰ ਸਾਰਾ ਸਾਲ ਕੀਤਾ ਜਾਂਦਾ ਹੈ ਤਾਂ ਜੋ ਪ੍ਰਾਂਤ ਦੇ ਮਿਆਰਾਂ ਦੀ ਤਾਮੀਲ ਕੀਤੀ ਜਾ ਸਕੇ।

2019 ਵਿੱਚ, ਸਾਡੇ ਸੁਧਾਰੇ ਹੋਏ ਪ੍ਰੋਗਰਾਮ ਨੇ ਲਗਭਗ 2,500 ਮੀਲ ਲੰਬੀਆਂ ਵਿਤਰਣ ਲਾਈਨਾਂ ਦੇ ਆਸਪਾਸ ਦੀ ਬਨਸਪਤੀ ਨੂੰ ਕੱਟਕੇ ਅਲੱਗ ਕੀਤਾ, ਕਾਂਟ-ਛਾਂਟ ਕੀਤੀ ਜਾਂ ਕਤਰਿਆ ਸੀ।

2020 ਵਿੱਚ ਅਤੇ ਇਸ ਤੋਂ ਬਾਅਦ, ਇੱਕ ਬਹੁ-ਵਰਸ਼ੀ ਕੋਸ਼ਿਸ਼ ਦੇ ਭਾਗ ਵਜੋਂ, ਸਾਡਾ ਸੁਧਾਰਿਆ ਹੋਇਆ ਬਨਸਪਤੀ ਪ੍ਰਬੰਧਨ ਕਾਰਜ ਸਾਡੇ ਸਮੁੱਚੇ ਸੇਵਾ ਖੇਤਰ ਵਿੱਚ ਅੱਗ ਲੱਗਣ ਦੇ ਵਧੇਰੇ ਖਤਰੇ ਵਾਲੇ ਹੋਰ ਇਲਾਕਿਆਂ ਵਿੱਚ ਜਾਰੀ ਰਹੇਗਾ, ਜਿੱਥੇ ਹਰ ਸਾਲ 1800 ਹੋਰ ਵਿਤਰਣ ਸਰਕਟ ਮੀਲਾਂ ਨੂੰ ਪੂਰਾ ਕੀਤਾ ਜਾਵੇਗਾ।

ਇਹ ਕਾਰਜ ਉਹਨਾਂ ਕਈ ਸਵੈ-ਸਰਗਰਮ ਉਪਾਵਾਂ ਵਿੱਚੋਂ ਇੱਕ ਹੈ ਜੋ PG&E ਸਾਡੇ ਵਿਸਤਰਿਤ 'ਭਾਈਚਾਰਕ ਜੰਗਲੀ ਅੱਗ ਸੁਰੱਖਿਆ ਪ੍ਰੋਗਰਾਮ' (Community Wildfire Safety Program) ਦੇ ਭਾਗ ਵਜੋਂ ਕਰ ਰਹੀ ਹੈ, ਜਿਸ ਵਿੱਚ ਥੋੜ-ਚਿਰੀਆਂ, ਔਸਤ-ਕਾਲ ਵਾਲੀਆਂ ਅਤੇ ਲੰਬੀ-ਮਿਆਦ ਦੀਆਂ ਯੋਜਨਾਵਾਂ ਵੀ ਸ਼ਾਮਲ ਹਨ ਤਾਂ ਜੋ ਬੇਕਰਜ਼ਫੀਲਡ ਤੋਂ ਲੈਕੇ ਯੂਰੇਕਾ ਤੱਕ ਸਾਡੀ ਸਮੁੱਚੀ ਪ੍ਰਣਾਲੀ ਨੂੰ ਵਧੇਰੇ ਸੁਰੱਖਿਅਤ ਬਣਾਇਆ ਜਾ ਸਕੇ।

ਸਾਡਾ ਸੁਧਾਰਿਆ ਬਨਸਪਤੀ ਪ੍ਰਬੰਧਨ ਸਾਡੇ ਬਕਾਇਦਾ ਬਨਸਪਤੀ ਪ੍ਰੋਗਰਾਮ ਤੋਂ ਇਲਾਵਾ ਕੀਤਾ ਜਾਂਦਾ ਹੈ।

ਜਨਤਕ ਸਲਾਮਤੀ ਦੀ ਰੱਖਿਆ ਕਰਨ ਲਈ, ਅਸੀਂ ਸਾਡੀ ਬਿਜਲੀ ਪ੍ਰਣਾਲੀ ਦੀ ਸਲਾਮਤੀ ਅਤੇ ਭਰੋਸੇਯੋਗਤਾ ਵਿੱਚ ਸੁਧਾਰ ਕਰਨ ਲਈ ਹਰ ਰੋਜ਼ ਕਦਮ ਉਠਾ ਰਹੇ ਹਾਂ।

ਇਸ ਵਿੱਚ ਉਹਨਾਂ ਰੁੱਖਾਂ ਅਤੇ ਹੋਰ ਬਨਸਪਤੀ ਦਾ ਪ੍ਰਬੰਧਨ ਕਰਨ ਲਈ ਗਾਹਕਾਂ ਅਤੇ ਭਾਈਚਾਰਿਆਂ ਨਾਲ ਮਿਲਕੇ ਕੰਮ ਕਰਨਾ ਵੀ ਸ਼ਾਮਲ ਹੈ ਜੋ ਬਿਜਲੀ ਦੀਆਂ ਤਾਰਾਂ ਦੇ ਨੇੜੇ ਸਥਿਤ ਹਨ ਅਤੇ ਜੰਗਲੀ ਅੱਗ ਜਾਂ ਬਿਜਲੀ ਦਾ ਕੱਟ ਲੱਗਣ ਦੇ ਕਾਰਨ ਬਣ ਸਕਦੇ ਹਨ।

ਸਾਡਾ ਬਕਾਇਦਾ ਬਨਸਪਤੀ ਪ੍ਰਬੰਧਨ ਪ੍ਰੋਗਰਾਮ ਹਰ ਸਾਲ ਸਿਰ ਉੱਪਰੋਂ ਲੰਘਦੀਆਂ ਬਿਜਲੀ ਦੀਆਂ ਲਗਭਗ 100,000 ਮੀਲ ਤਾਰਾਂ ਦੀ ਜਾਂਚ ਕਰਦਾ ਹੈ, ਜਿੱਥੇ ਕੁਝ ਸਥਾਨਾਂ ਉੱਤੇ ਸਾਲ ਵਿੱਚ ਇੱਕ ਤੋਂ ਵਧੇਰੇ ਵਾਰ ਗਸ਼ਤ ਕੀਤੀ ਜਾਂਦੀ ਹੈ, ਇਹ ਪ੍ਰੋਗਰਾਮ ਹਰ ਸਾਲ 1 ਮਿਲੀਅਨ ਤੋਂ ਵੱਧ ਰੁੱਖਾਂ ਦੀ ਕਾਂਟ-ਛਾਂਟ ਕਰਦਾ ਹੈ ਜਾਂ ਹਟਾਉਂਦਾ ਹੈ ਤਾਂ ਜੋ ਬਿਜਲੀ ਦੀਆਂ ਤਾਰਾਂ ਤੋਂ ਇਹਨਾਂ ਦੀ ਵਿੱਥ ਬਰਕਰਾਰ ਰੱਖੀ ਜਾ ਸਕੇ, ਇਹ ਪ੍ਰੋਗਰਾਮ ਸੁੱਕੇ, ਮਰੇ ਹੋਏ, ਮਰ ਰਹੇ ਜਾਂ ਨੁਕਸਦਾਰ ਰੁੱਖਾਂ ਨੂੰ ਹਟਾਉਂਦਾ ਹੈ, ਖਾਸ ਕਰਕੇ ਉਹਨਾਂ ਇਲਾਕਿਆਂ ਵਿੱਚ ਜੋ ਸੋਕੇ ਅਤੇ ਬਾਰਕ ਬੀਟਲਜ਼ (ਰੁੱਖਾਂ ਦਾ ਛਿਲਕਾ ਖਾਣ ਵਾਲਾ ਇੱਕ ਕੀੜਾ) ਤੋਂ ਪ੍ਰਭਾਵਿਤ ਹਨ।

2014 ਤੋਂ ਲੈਕੇ, ਅਸੀਂ ਸਥਾਨਕ ਅਗਨ-ਸੁਰੱਖਿਅਤ ਕੌਂਸਲਾਂ (fire safe councils) ਨੂੰ ਫ਼ੰਡਾਂ ਦੇ ਰੂਪ ਵਿੱਚ $15 ਮਿਲੀਅਨ ਤੋਂ ਵਧੇਰੇ ਰਾਸ਼ੀ ਵੀ ਪ੍ਰਦਾਨ ਕਰਵਾਈ ਹੈ ਤਾਂ ਜੋ ਭਾਈਚਾਰਿਆਂ ਵਿੱਚ ਅੱਗ ਤੋਂ ਸੁਰੱਖਿਆ ਨੂੰ ਸੁਧਾਰਨ ਲਈ ਉਹਨਾਂ ਦੀਆਂ ਕੋਸ਼ਿਸ਼ਾਂ ਵਿੱਚ ਸਹਾਇਤਾ ਕੀਤੀ ਜਾ ਸਕੇ।

ਫ਼ੰਡ ਸਹਾਇਤਾ ਪ੍ਰਾਪਤ ਇਹਨਾਂ ਅਗਨ ਸੁਰੱਖਿਆ ਕੌਂਸਲ ਪ੍ਰੋਜੈਕਟਾਂ ਵਿੱਚ ਈਂਧਨ ਬ੍ਰੇਕਾਂ ਅਤੇ ਅੱਗ ਲੱਗਣ 'ਤੇ ਵਰਤੇ ਜਾਂਦੇ ਨਿਕਾਸੀ ਦੇ ਰਸਤਿਆਂ ਅਤੇ ਸੰਕਟਕਾਲੀ ਪਹੁੰਚ ਵਾਲੀਆਂ ਸੜਕਾਂ ਵਿੱਚ ਸੁਧਾਰ ਸ਼ਾਮਲ ਹਨ।

ਰੁੱਖ ਉਸ ਚੀਜ਼ ਦਾ ਇੱਕ ਵੱਡਾ ਭਾਗ ਹਨ ਜੋ ਉੱਤਰੀ ਅਤੇ ਕੇਂਦਰੀ ਕੈਲੀਫੋਰਨੀਆ ਦੇ ਕੁਦਰਤੀ ਵਾਤਾਵਰਣ ਨੂੰ ਵਿਲੱਖਣ ਅਤੇ ਖੂਬਸੂਰਤ ਬਣਾਉਂਦੀ ਹੈ।

PG&E ਰੁੱਖਾਂ ਅਤੇ ਕੁਦਰਤੀ ਵਾਤਾਵਰਣ ਨੂੰ ਅਹਿਮੀਅਤ ਦਿੰਦੀ ਹੈ ਅਤੇ ਸ਼ਲਾਘਾ ਕਰਦੀ ਹੈ।

ਪਰ, ਜਿਹੜੇ ਰੁੱਖ ਬਿਜਲੀ ਦੀਆਂ ਤਾਰਾਂ ਦੇ ਬੇਹੱਦ ਕਰੀਬ ਹਨ, ਜਾਂ ਇਹਨਾਂ ਲਈ ਖਤਰਾ ਖੜ੍ਹਾ ਕਰਦੇ ਹਨ, ਉਹ ਖਤਰਨਾਕ ਹੋ ਸਕਦੇ ਹਨ ਅਤੇ ਸਾਥੋਂ ਸੇਵਾਵਾਂ ਲੈਣ ਵਾਲੇ ਭਾਈਚਾਰਿਆਂ ਨੂੰ ਜੰਗਲੀ ਅੱਗ ਦੇ ਜੋਖ਼ਮ ਵਿੱਚ ਪਾਉਂਦੇ ਹਨ।

ਅਸੀਂ ਸਾਰੇ ਹਰ ਰੋਜ਼ ਬਿਜਲੀ 'ਤੇ ਨਿਰਭਰ ਕਰਦੇ ਹਾਂ ਅਤੇ ਅਸੀਂ ਉਹਨਾਂ ਹੱਲਾਂ ਬਾਬਤ ਸਾਡੇ ਗਾਹਕਾਂ ਨਾਲ ਕੰਮ ਕਰਨਾ ਜਾਰੀ ਰੱਖਾਂਗੇ ਜੋ ਵੱਡੀਆਂ ਜੰਗਲੀ-ਅੱਗਾਂ ਦੀ ਰੋਕਥਾਮ ਕਰ ਸਕਦੇ ਹਨ ਅਤੇ ਸਾਡੇ ਭਾਈਚਾਰਿਆਂ ਨੂੰ ਸਲਾਮਤ ਰੱਖਦੇ ਹਨ।

PG&E ਦੀਆਂ ਜੰਗਲੀ-ਅੱਗ ਤੋਂ ਸੁਰੱਖਿਆ ਦੀਆਂ ਕੋਸ਼ਿਸ਼ਾਂ ਬਾਰੇ ਤਾਜ਼ਾ ਜਾਣਕਾਰੀ ਵਾਸਤੇ, ਕਿਰਪਾ ਕਰਕੇ ਦੇਖੋ pge.com/cwsp.